ਓਰੇਗਨ ਹੈਲਥ ਅਥਾਰਿਟੀ

# ਚਾਈਲਡ-ਰੇਜ਼ਿਸਟੈਂਟ ਪੈਕੇਜਿੰਗ ਸਬੰਧੀ ਜ਼ਰੂਰਤਾਂ

ਤਮਾਕੂ ਰੀਟੇਲ ਲਾਈਸੰਸ-ਸਬਧੀ ਅਨੁਪਾਲਣ ਨਿਰੀਖਣ ਲਈ ਤੁਹਾਨੂੰ ਕੀ ਜਾਣਨ ਦੀ ਲੋੜ ਹੈ

## ਕੀ ਤੁਸੀਂ ਜਾਣਦੇ ਹੋ?

**ਇਹ ਸੰਘੀ ਅਤੇ Oregon ਪ੍ਰਦੇਸ਼ ਦਾ ਕਾਨੂੰਨ ਹੈ ਕਿ ਇਨਹੇਲੈਂਟ ਡਿਲੀਵਰੀ ਸਿਸਟਮ (IDS), ਜੋ ਈ-ਸਿਗਰਟ ਵਜੋਂ ਵੀ ਜਾਣੇ ਜਾਂਦੇ ਹਨ, ਚਾਈਲਡ-ਰੇਜ਼ਿਸਟੈਂਟ (ਬੱਚਿਆਂ ਲਈ ਪ੍ਰਤਿਰੋਧੀ) ਪੈਕੇਜਿੰਗ ਵਿੱਚ ਵੇਚੇ ਜਾਣੇ ਚਾਹੀਦੇ ਹਨ।**

ਚਾਈਲਡ-ਰੇਜ਼ਿਸਟੈਂਟ ਪੈਕੇਜਿੰਗ ਕਈ ਜ਼ਿੰਦਗੀਆਂ ਬਚਾ ਸਕਦੀ ਹੈ। ਇੱਕ ਰੀਟੇਲਰ ਵਜੋਂ, ਤੁਹਾਡੀ ਬਰਾਦਰੀ ਇਹ ਯਕੀਨੀ ਬਣਾਉਣ ਲਈ ਤੁਹਾਡੇ ਉੱਤੇ ਨਿਰਭਰ ਕਰਦੀ ਹੈ ਕਿ ਇਹ ਉਤਪਾਦ ਕਾਨੂੰਨ ਦੇ ਮੁਤਾਬਕ ਵੇਚੇ ਜਾ ਰਹੇ ਹਨ। ਓਰੇਗਨ ਸਿਹਤ ਅਧਿਕਰਨ (OHA) ਦਾ ਤਮਾਕੂ ਰੀਟੇਲ ਲਾਇਸੰਸ ਪ੍ਰੋਗਰਾਮ ਇਸ ਕਾਨੂੰਨ ਨੂੰ ਅਨੁਪਾਲਣ ਨਿਰੀਖਣਾਂ ਦੇ ਦੁਆਰਾ **1 ਜਨਵਰੀ, 2024** ਤੋਂ ਸ਼ੁਰੂ ਕਰਕੇ ਲਾਗੂ ਕਰੇਗਾ।

## ਚਾਈਲਡ-ਰੇਜ਼ਿਸਟੈਂਟ ਪੈਕੇਜਿੰਗ ਦੇ ਕਾਨੂੰਨਾਂ ਦਾ ਪਾਲਣ ਕਿਵੇਂ ਕਰੀਏ

333-015-0360 'ਤੇ ਓਰੇਗਨ ਪ੍ਰਸ਼ਾਸਕੀ ਨਿਯਮਾਂ (OAR) ਦੇਖੋ

- ਈ-ਸਿਗਰਟਾਂ, ਤਰਲ ਨਿਕੋਟੀਨ ਕੰਟੇਨਰ, ਗੈਰ-ਨਿਕੋਟੀਨ ਤਰਲ ਕੰਟੇਨਰ, ਅਤੇ ਭਰਨ ਯੋਗ ਇਨਹੇਲੈਂਟ ਡਿਲੀਵਰੀ ਸਿਸਟਮ ਜੋ ਤਰਲ ਨਿਕੋਟੀਨ ਕੰਟੇਨਰ(ਰਾਂ) ਦੇ ਨਾਲ ਪੈਕ ਕੀਤੇ ਜਾਂਦੇ ਹਨ, ਲਾਜ਼ਮੀ ਤੌਰ 'ਤੇ ਨਿਰਮਾਤਾ ਵਲੋਂ ਚਾਈਲਡ-ਰੇਜ਼ਿਸਟੈਂਟ ਪੈਕੇਜਿੰਗ ਵਿੱਚ ਆਉਣੇ ਚਾਹੀਦੇ ਹਨ। ਉਤਪਾਦਾਂ ਦੀ ਪੂਰੀ ਪਰਿਭਾਸ਼ਾ ਲਈ OAR 333-015-0305 ਦੇਖੋ।
- ਅਜਿਹੇ ਉਤਪਾਦ ਜਾਂ ਜਿਹੜੇ ਉਤਪਾਦ ਇਸ ਵਰਣਨ ਦੇ ਅਨੁਸਾਰ ਹਨ, ਇਹਨਾਂ ਦੇ ਨਿਰਮਾਤਾਵਾਂ ਵਲੋਂ ਤਸਦੀਕ ਕਰਦਾ ਲਿਖਤ ਦਸਤਾਵੇਜ਼ ਹੋਣਾ ਚਾਹੀਦਾ ਹੈ ਕਿ ਸੰਘੀ ਕਾਇਦਿਆਂ ਦੀ ਸੰਹਿਤਾ ਵਿੱਚ ਤੈਅ ਕੀਤੇ ਮਿਆਰਾਂ ਦੁਆਰਾ (16 CFR 1700.20) ਪੈਕੇਜਿੰਗ ਚਾਈਲਡ-ਰੇਜ਼ਿਸਟੈਂਟ ਹੈ। ਇਸ ਲਿਖਤੀ ਦਸਤਾਵੇਜ਼ ਦਾ ਹਵਾਲਾ ਅਕਸਰ ਨਿਰਮਾਤਾ ਦੀ ਲਿਖਤ ਰਸਾਇਣਸ਼ਾਲਾ ਜਾਂਚ ਰਿਪੋਰਟ ਜਾਂ ਤਾਮੀਲ ਦੇ ਪੱਤਰ ਵਜੋਂ ਦਿੱਤਾ

Oregon Health Authority

200-223600 (04/23) Punjabi

ਜਾਂਦਾ ਹੈ। ਪੱਤਰ ਦਾ ਇੱਕ ਉਦਾਹਰਨ ਦੇਖਣ ਲਈ ਸੱਜੇ ਪਾਸੇ ਉੱਤੇ QR ਕੋਡ ਦੀ ਵਰਤੋਂ ਕਰੋ।

- ਇੱਕ ਅਨੁਪਾਲਣ ਨਿਰੀਖਣ (1 ਜਨਵਰੀ, 2024 ਨੂੰ ਜਾਂ ਇਸ ਤੋਂ ਬਾਅਦ) ਦੇ ਦੌਰਾਨ, ਤੁਹਾਨੂੰ ਕਿਸੇ ਵੀ ਈ-ਸਿਗਰਟ ਲਈ ਇਸ ਲਿਖਤੀ ਦਸਤਾਵੇਜ਼ ਨੂੰ ਦਿਖਾਉਣ ਲਈ ਕਿਹਾ ਜਾ ਸਕਦਾ ਹੈ ਜੋ ਲੋੜੀਂਦੀ ਚਾਈਲਡ-ਰੇਜ਼ਿਸਟੈਂਟ ਪੈਕੇਜਿੰਗ ਲਈ ਮਾਨਦੰਡ ਨੂੰ ਪੂਰਾ ਕਰਦੀ ਹੈ। ਕਿਸੇ ਨਿਰੀਖਕ ਨੂੰ ਇਹ ਲਿਖਤੀ ਦਸਤਾਵੇਜ਼ ਨਾ ਦਿਖਾਉਣ ਦੇ ਨਤੀਜੇ ਵਜੋਂ ਉਲੰਘਣ ਹੁੰਦਾ ਹੈ ਅਤ ਸਿਵਿਲ ਪੈਨਲਟੀ ਲੱਗਦੀ ਹੈ।

## ਅਕਸਰ ਪੁੱਛੇ ਜਾਣ ਵਾਲੇ ਸਵਾਲਾਂ ਦੇ ਜਵਾਬ

ਜੇ ਮੇਰੇ ਕੋਲ ਇਹ ਦਿਖਾਉਣ ਲਈ ਲਿਖਤੀ ਦਸਤਾਵੇਜ਼ ਨਹੀਂ ਹੈ ਕਿ ਮੇਰੇ ਉਤਪਾਦ ਜਾਂ ਉਤਪਾਦਾਂ ਨੂੰ ਚਾਈਲਡ-ਰੇਜ਼ਿਸਟੈਂਟ ਪੈਕੇਜਿੰਗ ਵਿੱਚ ਵੇਚਿਆ ਜਾ ਰਿਹਾ ਹੈ ਤਾਂ ਕੀ ਹੋਵੇਗਾ?

**ਇਸ ਲਿਖਤੀ ਦਸਤਾਵੇਜ਼ ਨੂੰ ਪ੍ਰਦਾਨ ਨਾ ਕਰਨ ਦਾ ਮਤਲਬ ਹੈ ਕਿ ਤੁਸੀਂ ਤਮਾਕੂ ਦੇ ਰੀਟੇਲ ਲਾਇਸੰਸ ਕਾਇਦਿਆਂ ਦਾ ਅਨੁਪਾਲਣ ਨਹੀਂ ਕਰ ਰਹੇ ਹੋ। ਇਸਦੇ ਨਤੀਜੇ ਵਜੋਂ ਉਲੰਘਣ ਹੋ ਸਕਦਾ ਹੈ ਅਤੇ ਸਿਵਿਲ ਪੈਨਲਟੀ ਲੱਗ ਸਕਦੀ ਹੈ।**

ਮੈਂ ਇਹ ਦਿਖਾ ਰਿਹਾ ਲਿਖਤੀ ਦਸਤਾਵੇਜ਼ ਕਿਵੇਂ ਪ੍ਰਾਪਤ ਕਰਾਂ ਕਿ ਮੇਰੇ ਵਲੋਂ ਵੇਚਿਆ ਜਾਂ ਵੇਚੇ ਜਾ ਰਹੇ ਉਤਪਾਦ ਚਾਈਲਡ-ਰੇਜ਼ਿਸਟੈਂਟ ਪੈਕੇਜਿੰਗ ਵਿੱਚ ਹੈ/ਹਨ?

**ਆਪਣੇ ਈ-ਸਿਗਰਟ ਨਿਰਮਾਤਾ ਜਾਂ ਨਿਰਮਾਤਾਵਾਂ ਨਾਲ ਸੰਪਰਕ ਕਰੋ। ਇਸ ਸਬੂਤ ਦਾ ਲਿਖਤੀ ਦਸਤਾਵੇਜ਼ ਮੰਗੋ ਕਿ ਤੁਹਾਡੇ ਰੀਟੇਲ ਸਥਾਨ ਵਿੱਚ ਵੇਚੇ ਗਏ ਉਤਪਾਦ ਅਜਿਹੀ ਚਾਈਲਡ-ਰੇਜ਼ਿਸਟੈਟ ਪੈਕੇਜਿੰਗ ਵਿੱਚ ਹਨ ਜੋ ਸੰਘੀ ਕਾਇਦਿਆਂ ਦੀ ਸੰਹਿਤਾ (16 CFR 1700.20)ਵਿੱਚਲੇ ਮਿਆਰਾਂ ਨੂੰ ਪੂਰਾ ਕਰਦੀ ਹੈ।**

ਮੇਰੇ ਨਿਰਮਾਤਾ ਕੋਲ ਉਸਦੇ ਉਤਪਾਦਾਂ ਲਈ ਚਾਈਲਡ-ਰੇਜ਼ਿਸਟੈਂਟ ਪੈਕੇਜਿੰਗ ਨਹੀਂ ਹੈ। ਉਹ ਇਸ ਨੂੰ ਸਹੀ ਕਿਵੇਂ ਕਰ ਸਕਦੇ ਹਨ ਤਾਂ ਜੋ ਮੇਰੇ ਸਟੋਰ ਵਿੱਚ ਉਤਪਾਦ ਇਸਦਾ ਅਨੁਪਾਲਣ ਕਰਨ?

**ਅਜਿਹੀਆਂ ਜਾਂਚ ਕੰਪਨੀਆਂ ਹਨ ਜੋ ਚਾਈਲਡ-ਰੇਜ਼ਿਸਟੈਂਟ ਪੈਕੇਜ ਦੀ ਜਾਂਚ ਕਰਨ ਦੀ ਪੇਸ਼ਕਸ਼ ਕਰਦੀਆਂ ਹਨ। ਸੱਜੇ ਪਾਸੇ QR ਕੋਡ ਦੀ ਵਰਤੋਂ ਕਰੋ ਜਾਂ ਉਪਭੋਗਤਾ ਉਤਪਾਦ ਸੁਰੱਖਿਆ ਕਮੀਸ਼ਨ ਵਲੋਂ ਇੱਕ ਸੂਚੀ ਲਈ ਇੱਥੇ ਕਲਿਕ ਕਰੋ। (OHA ਇਹਨਾਂ ਕੰਪਨੀਆਂ ਨੂੰ ਮਨਜ਼ੂਰ, ਪ੍ਰਮਾਣਿਤ ਜਾਂ ਸਮਰਥਨ ਨਹੀਂ ਕਰਦਾ ਹੈ।)**

## ਸਾਡੇ ਨਾਲ ਜੁੜੋ

OHA ਇਹ ਯਕੀਨੀ ਬਣਾਉਣਾ ਚਾਹੁੰਦੇ ਹਨ ਕਿ ਸਾਰੇ ਰੀਟੇਲਰਾਂ ਕੋਲ ਅਜਿਹੀ ਜਾਣਕਾਰੀ ਹੋਵੇ ਜੋ ਉਹਨਾਂ ਨੂੰ ਕਾਨੂੰਨ ਦਾ ਸਫਲਤਾਪੂਰਵਕ ਪਾਲਣ ਕਰਨ ਲਈ ਚਾਹੀਦੀ ਹੈ। ਹੇਠਾਂ ਦਿੱਤੀ ਸੰਪਰਕ ਜਾਣਕਾਰੀ ਦੀ ਵਰਤੋਂ ਕਰਕੇ ਸਾਡੇ ਤਕ ਪਹੁੰਚੋ ਅਤੇ ਤੁਹਾਡੇ ਤਮਾਕੂ ਰੀਟੇਲ ਲਾਇਸੰਸ ਨਿਊਜ਼ਲੈਟਰ ਵਿੱਚ IDS ਪੈਕੇਜਿੰਗ ਨਾਲ ਸਬੰਧਤ ਭਵਿੱਖੀ ਅੱਪਡੇਟਾਂ ਅਤੇ ਘੋਸ਼ਣਾਵਾਂ ਦੀ ਖੋਜ ਕਰਦੇ ਰਹੋ।

OHA ਅਨੁਪਾਲਣ ਨਿਰੀਖਣਾਂ ਅਤੇ ਪਾਲਣਾ ਬਾਰੇ ਸਵਾਲਾਂ ਲਈ:
Tobacco.Inspections@odhsoha.oregon.gov, 971-673-2283

ਰੀਟੇਲਰਾਂ ਵਾਸਤੇ ਜ਼ਿਆਦਾ ਜਾਣਕਾਰੀ ਅਤੇ ਸਰੋਤਾਂ ਤਕ ਪਹੁੰਚ ਲਈ: healthoregon.org/tobaccoretailsales

ਦਸਤਾਵੇਜ਼ ਤਕ ਪਹੁੰਚ-ਯੋਗਤਾ: ਇਹ ਦਸਤਾਵੇਜ਼ ਅਯੋਗਤਾਵਾਂ ਵਾਲੇ ਵਿਅਕਤੀਆਂ ਲਈ ਵਿਕਲਪਿਕ ਸਰੂਪਾਂ ਵਿੱਚ ਜਾਂ ਅੰਗਰੇਜ਼ੀ ਤੋਂ ਇਲਾਵਾ ਕਿਸੇ ਹੋਰ ਭਾਸ਼ਾ ਵਿੱਚ ਬੇਨਤੀ ਕਰਨ ਉੱਤੇ ਪ੍ਰਦਾਨ ਕੀਤਾ ਜਾ ਸਕਦਾ ਹੈ। ਅੰਗਰੇਜ਼ੀ ਦੀ ਘੱਟ ਨਿਪੁੰਨਤਾ ਵਾਲੇ ਲੋਕਾਂ ਲਈ, ਅਨੁਵਾਦ ਦੇ ਨਾਲ ਮਦਦ ਵੀ ਪ੍ਰਦਾਨ ਕੀਤੀ ਜਾ ਸਕਦੀ ਹੈ। ਇਹਨਾਂ ਕਿਸੇ ਵੀ ਸੇਵਾਵਾਂ ਦੀ ਬੇਨਤੀ ਕਰਨ ਲਈ, Tobacco.Inspections@odhsoha.oregon.gov ‘ਤੇ, 971-673-2283 (ਆਵਾਜ਼) ਜਾਂ TTY ਲਈ 711 'ਤੇ ਸੰਪਰਕ ਕਰੋ।

200-223600 (04/23) Punjabi